(128)

ਹੁਕਮ

ਮਿਤੀ 12-11-2014 ਨੂੰ ਰੈਵਿਨਿਊ ਅਫਸਰਾਂ ਦੀ ਹੋਈ ਮੀਟਿੰਗ ਦੌਰਾਨ ਨਿਮਨ ਹਸਤਾਖਰ ਦੇ ਧਿਆਨ ਵਿੱਚ ਲਿਆਂਦਾ ਕਿ ਸਰਕਾਰ ਵਲੋਂ ਸਮੇਂ ਸਮੇਂ ਸਿਰ ਜ਼ਾਰੀ ਹੋਈਆਂ ਪਾਲਿਸੀਆ/ਹਦਾਇਤਾਂ/ਨੋਟੀਫਿਕੇਸ਼ਨਾਂ/ਰੂਲਾਂ ਆਦਿ ਨੂੰ ਡੀ.ਸੀ. ਦਫਤਰ ਦੀਆਂ ਕੁਝ ਸ਼ਾਖਾਵਾਂ, ਜਿਵੇਂ ਕਿ ਅਮਲਾ ਸ਼ਾਖਾ/ਐਸ.ਕੇ. ਸ਼ਾਖਾ/ਐਮ.ਏ ਸ਼ਾਖਾ/ਡੀ.ਆਰ.ਏ. ਸ਼ਾਖਾ ਆਦਿ, ਵਿੱਚ ਸਹੀ ਢੰਗ ਨਾਲ ਮੇਨਟੇਨ ਨਹੀਂ ਕੀਤਾ ਜਾ ਰਿਹਾ।

ਇਸ ਲਈ ਡੀ.ਸੀ. ਦਫਤਰ ਦੀਆਂ ਸਮੂਹ ਸ਼ਾਖਾਵਾਂ ਜਿਹਨ੍ਹਾਂ ਪਾਸ ਇਹ ਸਰਕਾਰ ਵਲੋਂ ਸਮੇਂ ਸਮੇਂ ਸਿਰ ਜ਼ਾਰੀ ਹੋਈਆਂ ਪਾਲਿਸੀਆ/ਹਦਾਇਤਾਂ/ਨੋਟੀਫਿਕੇਸ਼ਨ/ਰੂਲਜ਼ ਆਦਿ ਪ੍ਰਾਪਤ ਹੁੰਦੇ ਹਨ ਉਹ ਉਹਨ੍ਹਾਂ ਦਾ ਸਹੀ ਢੰਗ ਨਾਲ sequence wise ਵੱਖ ਵੱਖ ਫਾਈਲਾਂ ਲਗਾ ਕੇ ਅਤੇ ਇੰਡੈਕਸ ਆਦਿ ਤਿਆਰ ਕਰਕੇ ਉਹਨ੍ਹਾਂ ਪਾਲਿਸੀਆਂ/ਹਦਾਇਤਾਂ/ਨੋਟੀਫਿਕੇਸ਼ਨਾਂ/ਰੂਲਾਂ ਆਦਿ ਨੂੰ ਮੇਨਟੇਨ ਕਰਨਗੇ। ਇਸ ਤੋ ਇਲਾਵਾ ਸਮੂਹ ਤਹਿਸੀਲ/ਸਬ ਤਹਿਸੀਲ ਪੱਧਰ ਤੇ ਵੀ ਇਸ ਤਰ੍ਹਾਂ ਹੀ ਪਾਲਿਸੀਆਂ/ਹਦਾਇਤਾਂ/ਨੋਟੀਫਿਕੇਸ਼ਨਾਂ/ਰੂਲਾਂ ਆਦਿ ਨੂੰ ਮੇਨਟੇਨ ਕਰਨਗੇ। ਜੇਕਰ ਭਵਿੱਖ ਵਿੱਚ ਇਸ ਤਰ੍ਹਾਂ ਦਾ ਕੇਸ ਨਿਮਨ ਹਸਤਾਖਰ ਦੇ ਧਿਆਨ ਵਿੱਚ ਆਇਆ ਤਾਂ ਅਣਗਹਿਲੀ ਕਰਨ ਵਾਲੇ ਕਰਮਚਾਰੀ ਦੇ ਖਿਲਾਫ਼ ਤੁਰੰਤ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਸਬੰਧੀ ਤੁਰੰਤ ਸਮੂਹ ਕਰਮਚਾਰੀਆਂ ਦੇ ਨੋਟਿਸ ਵਿੱਚ ਲਿਆ ਦਿੱਤਾ ਜਾਵੇ ਅਤੇ ਸਰਕੂਲਰ ਜ਼ਾਰੀ ਕੀਤਾ ਜਾਵੇ।

ਡਿਪਟੀ ਕਮਿਸ਼ਨਰ
ਜਲੰਧਰ।
12-11-2014

171-90/GA
-11-14

ਵਧੀਕ ਡਿਪਟੀ ਕਮਿਸ਼ਨਰ
(ਜਨਰਲ), ਜਲੰਧਰ।

ਸਹਾਇਕ ਕਮਿਸ਼ਨਰ
(ਜਨਰਲ), ਜਲੰਧਰ।

14/11/14

19/11/14

A-I + II